**File No.DIPR-PRSS0PRS1(356)/1694/2020-DPRO Amritsar**

**I/31175/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮਿਸ਼ਨ ਫਤਿਹ ਨੂੰ ਸਾਵਧਾਨੀਆਂ ਅਪਣਾ ਕੇ ਹੀ ਕੀਤਾ ਜਾ ਸਕਦਾ ਹੈ ਕਾਮਯਾਬ -ਡਿਪਟੀ ਕਮਿਸ਼ਨਰ

ਚੋਣਵੇਂ ਰੂਟਾਂ ਤੇ ਬੱਸ ਸੇਵਾ ਬਹਾਲ

ਅੰਮ੍ਰਿਤਸਰ 4 ਜੂਨ ( )--

ਕੋਵਿਡ 19 ਖਿਲਾਫ਼ ਜੰਗ ਨੂੰ ਪੂਰੇ ਰਾਜ ਵਿਚ ਲੋਕਾਂ ਤੱਕ ਲੈ ਕੇ ਜਾਣ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ 30 ਜੂਨ ਤੱਕ ਚਲਾਈ ਜਾਣ ਵਾਲੀ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਹੋ ਚੁੱਕੀ ਹੈ। ਇਸ ਮੁਹਿੰਮ ਦੌਰਾਨ ਲੋਕਾਂ ਨੂੰ ਕੋਰੋਨਾ ਵਿਰੁੱਧ ਜਾਗਰੂਕਤਾ ਪੈਦਾ ਕਰਨਾ , ਫਲੂ ਦੇ ਲੱਛਣਾ ਤੇ ਉਸ ਦੀਆਂ ਕ੍ਰਿਆਵਾਂ ਬਾਰੇ ਜਾਗਰੂਕਤਾ ਕਰਨਾ ਅਤੇ ਮਹਾਂਮਾਰੀ ਵਿਰੁੱਧ ਮਿੱਲ ਕੇ ਲੜਨ ਲਈ ਸਮਾਜ ਦੀ ਲਾਮਬੰਦੀ ਦੀ ਮਹੱਤਤਾ ਬਾਰੇ ਜਾਗਰੂਕ ਕਰਨਾ ਸ਼ਾਮਲ ਹੈ।

ਡਿਪਟੀ ਕਮਿਸ਼ਨਰ ਸ: ਸ਼ਿਵਦੁਲਾਰ ਸਿੰਘ ਢਿਲੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਰਕਾਰ ਵਲੋਂ ਕੁਝ ਚੁਨਿੰਦਾਂ ਰੂਟਾਂ ਤੇ ਬੱਸ ਸੇਵਾ ਬਹਾਲ ਕਰ ਦਿੱਤੀ ਗਈ ਹੈ। ਉਨਾਂ ਦੱਸਿਆ ਕਿ ਬੱਸਾਂ ਵਿੱਚ ਸਮਾਜਿਕ ਨਿਯਮਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਸਵਾਰੀਆਂ ਬੈਠਾਈਆਂ ਜਾ ਰਹੀਆਂ ਹਨ ਅਤੇ ਹਰ ਬੱਸ ਵਿੱਚ ਸੈਨੀਟਾਈਜ਼ਰ ਅਤੇ ਡਸਟਬਿਨ ਦੀ ਸੁਵਿੱਧਾ ਦਿੱਤੀ ਗਈ ਹੈ। ਸ: ਢਿਲੋਂ ਨੇ ਕਰਮਚਾਰੀਆਂ ਨੂੰ ਸਲਾਹ ਦਿੰਦਿਆਂ ਕਿਹਾ ਕਿ ਬੱਸਾਂ ਵਿੱਚ ਹਰੇਕ ਵਿਅਕਤੀ ਤੋਂ ਘੱਟੋਂ ਘੱਟ 1 ਮੀਟਰ ਦੀ ਦੂਰੀ ਬਣਾਈ ਜਾਵੇ ਅਤੇ ਆਪਣੇ ਹੱਥਾਂ ਨੂੰ ਸਮੇਂ ਸਮੇਂ ਤੇ ਸਾਬਨ ਤੇ ਪਾਣੀ ਨਾਲੀ 20 ਸੈਕੰਡ ਤੱਕ ਧੋਵੋ ਜਾਂ ਫਿਰ ਅਲਕੋਹਲ ਯੁਕਤ ਸੈਨੇਟਾਈਜ਼ਰ ਦੀ ਵਰਤੋਂ ਕਰਨ। ਉਨਾਂ ਕਿਹਾ ਕਿ ਆਪਣੀਆਂ ਅੱਖਾਂ , ਨੱਕ ਤੇ ਮੂੰਹ ਨੂੰ ਨਾ ਛੂਹੋ ਅਤੇ ਇਸਤੇਮਾਲ ਕੀਤੇ ਹੋਏ ਟਿਸ਼ੂ ਪੇਪਰ ਨੂੰ ਢੱਕਣ ਵਾਲੇ ਕੂੜੇਦਾਨ ਵਿੱਚ ਹੀ ਸੁੱਟਿਆ ਜਾਵੇ।

ਸ: ਢਿਲੋਂ ਨੇ ਦੱਸਿਆ ਕਿ ਅਸੀਂ ਕੁਝ ਸਾਵਧਾਨੀਆਂ ਅਪਣਾ ਕੇ ਹੀ ਮਿਸ਼ਨ ਫਤਿਹ ਨੂੰ ਕਾਮਯਾਬ ਕਰ ਸਕਦੇ ਹਾਂ। ਉਨਾਂ ਕਿਹਾ ਕਿ ਸਾਰੇ ਵਿਭਾਗਾਂ ਨੂੰ ਇਕੱਠੇ ਹੋ ਕੇ ਇਸ ਮਿਸ਼ਨ ਨੂੰ ਕਾਮਯਾਬ ਕਰਨ ਲਈ ਮਿਹਨਤ ਕਰਨੀ ਚਾਹੀਦੀ ਹੈ। ਉਨਾਂ ਦੱਸਿਆ ਕਿ ਸੂਚਨਾ ਤੇ ਲੋਕ ਸੰਪਰਕ ਵਿਭਾਗ ਵਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਜ਼ਿਲੇ ਅੰਦਰ ਮਾਸਕ ਪਾਉਣ , ਹੱਥ ਧੋਣ, ਸਮਾਜਿਕ ਦੂਰੀ ਬਣਾਈ ਰੱਖਣ, ਬਜ਼ੁਰਗਾਂ ਦੀ ਸੰਭਾਲ ਰੱਖਣ ਸਬੰਧੀ ਹੋਰਡਿੰਗ ਲਗਾ ਕੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨਾਂ ਲੋਕਾਂ ਨੂੰ ਵੱਧ ਤੋਂ ਵੱਧ ਕੋਵਾ ਐਪ ਡਾਉਨਲੋਡ ਕਰਨ ਦੀ ਅਪੀਲ ਕੀਤੀ ਤਾਂ ਜੋ ਉਹ ਇਸ ਬਿਮਾਰੀ ਤੇ ਇਸ ਨਾਲ ਜੁੜੇ ਹੋਰ ਪਹਿਲੂਆਂ ਤੋਂ ਲਗਾਤਾਰ ਜਾਣਕਾਰੀ ਹਾਸਲ ਕਰਦੇ ਰਹਿਣ।

============

**File No.DIPR-PRSS0PRS1(356)/1694/2020-DPRO Amritsar I/31177/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਕੋਈ ਵੀ ਭੱਠਾ ਮਾਲਕ ਮਜ਼ਦੂਰਾਂ ਨੂੰ ਪ੍ਰਸਾਸ਼ਨ ਨੂੰ ਸੂਚਨਾ ਦਿੱਤੇ ਬਿਨਾਂ ਨਹੀਂ ਕਰੇਗਾ ਫਾਰਗ - ਜ਼ਿਲਾ ਮੈਜਿਸਟਰੇਟ

ਅੰਮ੍ਰਿਤਸਰ 4 ਜੂਨ ( )--

ਮਿਸ਼ਨ ਫਤਿਹ ਤਹਿਤ ਕੋਵਿਡ 19 ਦੇ ਪ੍ਰਭਾਵ ਤੇ ਫੈਲਾਵ ਨੂੰ ਰੋਕਣ ਲਈ ਭੱਠਾ ਮਾਲਕ ਆਪਣੇ ਅਧੀਨ ਕੰਮ ਕਰ ਰਹੇ ਮਜ਼ਦੂਰਾਂ ਨੂੰ ਬਿਨਾਂ ਜ਼ਿਲਾ ਪ੍ਰਸਾਸ਼ਨ ਦੇ ਧਿਆਨ ਵਿਚ ਲਿਆਏ ਫਾਰਗ ਨਹੀਂ ਕਰੇਗਾ ਅਤੇ ਜਿਹੜੇ ਮਜ਼ਦੂਰ ਆਪਣੇ ਘਰਾਂ ਨੂੰ ਵਾਪਸ ਜਾਣਾ ਚਾਹੁੰਦੇ ਹੈ ਉਨਾਂ ਦੀ ਲਿਖਤੀ ਅਤੇ ਮੁਕੰਮਲ ਸੂਚਨਾ ਜ਼ਿਲਾ ਕੰਟਰੋਲਰ ਖੁਰਾਕ ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਅੰਮ੍ਰਿਤਸਰ ਰਾਹੀਂ ਦਫ਼ਤਰ ਡਿਪਟੀ ਮਿਸ਼ਨਰ ਵਿਖੇ ਭੇਜੇਗਾ ਤਾਂ ਜੋ ਸਮੂਹਿਕ ਤੌਰ ਤੇ ਉਨਾਂ ਨੂੰ ਉਨਾਂ ਦੇ ਮੂਲ ਰਾਜਾਂ ਵਿਚ ਭੇਜਣ ਦੇ ਯੋਗ ਪ੍ਰਬੰਧ ਕੀਤੇ ਜਾ ਸਕਣ।

ਇਸ ਸਬੰਧੀ ਸ: ਸ਼ਿਵਦੁਲਾਰ ਸਿੰਘ ਢਿਲੋਂ ਜਿਲਾ ਮੈਜਿਸਟਰੇਟ ਅੰਮ੍ਰਿਤਸਰ ਵਲੋਂ The Punjab Epidemic Disease, Act COVID-19, Regulation, 2020 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ। ਉਨਾਂ ਕਿਹਾ ਹੈ ਕਿ ਕੋਵਿਡ 19 ਮਹਾਂਮਾਰੀ ਦੇ ਫੈਲਣ ਨੂੰ ਰੋਕਣ ਲਈ ਦੇਸ਼ ਵਿਚ ਲੱਗੇ ਲਾੱਕਡਾਨ /ਕਰਫਿਊ ਕਾਰਨ ਜ਼ਿਲਾ ਅੰਮ੍ਰਿਤਸਰ ਵਿਖੇ ਪ੍ਰਵਾਸੀ ਮਜ਼ਦੂਰਾਂ ਅਤੇ ਖਾਸ ਤੋਰ ਤੇ ਭੱਠਾ ਲੇਬਰ/ਮਜ਼ਦੂਰ ਰਹਿ ਰਹੇ ਹਨ। ਜੋ ਆਪਣੇ ਪਿੱਤਰੀ ਰਾਜ ਵਾਪਿਸ ਜਾਣ ਲਈ ਇੱਛੁੱਕ ਹਨ ਰੇਲਵੇ ਸਟੇਸ਼ਨ ਅਤੇ ਦਫ਼ਤਰਾਂ ਦੇ ਬਾਹਰ ਭੀੜ ਇਕੱਠੀ ਹੋ ਰਹੀ ਹੈ। ਜਿਸ ਕਾਰਨ ਇਨਾਂ ਵਿੱਚ ਸਮਾਜਿਕ ਦੂਰੀ ਦੇ ਨਿਯਮਾਂ ਦੀ ਪਾਲਣਾ ਬਣਾਉਣਾ ਮੁਸ਼ਿਕਲ ਹੋ ਰਿਹਾ ਹੈ ਅਤੇ ਕੋਵਿਡ 19 ਦੇ ਫੈਲਣ ਦਾ ਖ਼ਤਰਾ ਵੱਧ ਜਾਂਦਾਹੈ।

ਜ਼ਿਲਾ ਮੈਜਿਸਟਰੇਟ ਨੇ ਕਿਹਾ ਹੈ ਕਿ ਹੁਕਮ ਜਾਰੀ ਹੋਣ ਤੋਂ ਬਾਅਦ ਜੇਕਰ ਕੋਈ ਭੱਠਾ ਮਾਲਕ ਬਿਨਾਂ ਧਿਆਨ ਵਿਚ ਲਿਆਏ ਕਿਸੇ ਮਜ਼ਦੂਰ ਨੂੰ ਫਾਰਗ ਕਰਦਾ ਹੈ। ਉਸਦੇ ਵਿਰੁੱਧ ਉਸ ਐਕਟ ਦੇ ਅਨੁਸਾਰ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਅਤੇ ਇਹ ਹੁਕਮ ਅੱਜ ਤੋਂ ਹੀ ਤੁਰੰਤ ਲਾਗੂ ਹੋਣਗੇ।

==================

**File No.DIPR-PRSS0PRS1(356)/1694/2020-DPRO Amritsar**

**I/31242/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਮਿਸ਼ਨ ਫਤਿਹ ਤਹਿਤ ਇੰਡੀਅਨ ਸਪੋਰਟਸ ਜਿੰਮ ਨੇ ਲਗਾਇਆ ਗਿਆ ਖੂਨਦਾਨ ਕੈਂਪ

ਅੰਮ੍ਰਿਤਸਰ, 4 ਜੂਨ ( )-ਕੋਵਿਡ ਸੰਕਟ ਦੇ ਚੱਲਦੇ ਬਲੱਡ ਬੈਂਕ ਦੀ ਖੂਨ ਦੀ ਲੋੜ ਪੂਰੀ ਕਰਨ ਲਈ ਮਿਸ਼ਨ ਫਤਿਹ ਤਹਿਤ ਇੰਡੀਅਨ ਸੋਪਰਟਸ ਜਿੰਮ ਨੇ ਗੁਰੂ ਨਾਨਕ ਦੇਵ ਹਸਪਤਾਲ ਦੇ ਸਹਿਯੋਗ ਨਾਲ ਕ੍ਰਿਪਾਲ ਕਲੋਨੀ ਮਜੀਠਾ ਰੋਡ ਵਿਖੇ ਖੂਨਦਾਨ ਕੈਂਪ ਲਗਾ ਕੇ 60 ਯੂਨਿਟ ਖੂਨ ਦਾ ਯੋਗਦਾਨ ਪਾਇਆ ਹੈ। ਡਾ. ਨੀਰਜ ਸ਼ਰਮਾ ਇੰਚਾਰਜ ਬਲੱਡ ਬੈਂਕ ਨੇ ਦੱਸਿਆ ਕਿ ਲਗਤਾਰ ਕਰਫਿਊ ਤੇ ਲਾਕ ਡਾਊਨ ਦੇ ਕਾਰਨ ਬੈਂਕ ਵਿਚ ਖੂਨ ਦਾ ਸਟਾਕ ਬਣਾਈ ਰੱਖਣ ਲਈ ਗੈਰ ਸਰਕਾਰੀ ਸੰਸਥਾਵਾਂ ਤੇ ਹੋਰ ਜਥੇਬੰਦੀਆਂ ਵੱਡਾ ਯੋਗਦਾਨ ਪਾ ਰਹੀਆਂ ਹਨ। ਉਨਾਂ ਦੱਸਿਆ ਕਿ ਇੰਡੀਅਨ ਸਪੋਰਟਸ ਜਿੰਮ ਮਜੀਠਾ ਰੋਡ ਅਮ੍ਰਿਤਸਰ ਵਿਚ ਸ੍ਰੀ ਪੱਪੂ ਮਹਾਜਨ ਦੇ ਸਹਿਯੋਗ ਨਾਲ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਵਿਚ ਜਿੰਮ ਦੇ ਮੈਂਬਰਾਂ ਤੇ ਹੋਰ ਖੂਨ ਦਾਨੀਆਂ ਨੇ ਵੱਧ ਚੜ • ਕੇ ਹਿੱਸਾ ਲਿਆ। ਇਸ ਮੌਕੇ 60 ਯੂਨਿਟ ਖੂਨ ਦਾਨ ਹੋਇਆ। ਉਨਾਂ ਦੱਸਿਆ ਕਿ ਇਸ ਮੌਕੇ ਸੁਪਰਡੈਂਟ ਮੈਡੀਕਲ ਕਾਲਜ ਸ੍ਰੀ ਰਮਨ ਸ਼ਰਮਾ , ਡਿਪਟੀ ਮੈਡੀਕਲ ਸੁਪਰਡੈਂਟ ਡਾ. ਨਰਿੰਦਰ ਸਿੰਘ, ਸ੍ਰੀ ਗੌਰਵ ਅਗਰਵਾਲ ਤੇ ਹੋਰ ਸਖਸ਼ੀਅਤਾਂ ਵੀ ਹਾਜ਼ਰ ਸਨ। ਬਲੱਡ ਬੈਂਕ ਵੱਲੋਂ ਕੈਂਪ ਪ੍ਰਬੰਧਕਾਂ ਨੂੰ ਸਨਮਾਨ ਚਿੰਨ ਵੀ ਦਿੱਤਾ ਗਿਆ।

ਕੈਪਸ਼ਨ

ਖੂਨਦਾਨ ਕੈਂਪ ਮੌਕੇ ਪ੍ਰਬੰਧਕਾਂ ਨੂੰ ਸਨਮਾਨਿਤ ਕਰਦੇ ਡਾ. ਰਮਨ ਸ਼ਰਮਾ, ਡਾ. ਨਰਿੰਦਰ ਸਿੰਘ ਅਤੇ ਹੋਰ।

============

**File No.DIPR-PRSS0PRS1(356)/1694/2020-DPRO Amritsar**

**I/31309/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ ਅੰਮ੍ਰਿਤਸਰ

'ਮਿਸ਼ਨ ਫ਼ਤਿਹ'

ਜ਼ਿਲੇ ਵਿੱਚ 9 ਹੋਰ ਮਰੀਜ਼ ਠੀਕ ਹੋ ਕੇ ਘਰਾਂ ਨੂੰ ਪਰਤੇ

ਜ਼ਿਲੇ ਵਿੱਚ ਐਕਟਿਵ ਕੇਸ ਹੋਏ 87

ਅੰਮ੍ਰਿਤਸਰ 4 ਜੂਨ ( )--

ਅੰਮ੍ਰਿਤਸਰ ਜ਼ਿਲੇ ਵਿੱਚ ਕੋਰੋਨਾ ਖ਼ਿਲਾਫ ਜੰਗ ਵਿੱਚ ਫ਼ਤਿਹ ਹਾਸਿਲ ਕਰਕੇ ਅੱਜ 9 ਲੋਕ ਹੋਰ ਆਪਣੇ ਘਰਾਂ ਨੂੰ ਪਰਤੇ ਹਨ। ਜ਼ਿਲੇ ਵਿੱਚ ਹੁਣ ਤੱਕ 326 ਵਿਅਕਤੀ ਕੋਰੋਨਾ ਖ਼ਿਲਾਫ਼ ਜੰਗ ਜਿੱਤ ਕੇ ਘਰਾਂ ਨੂੰ ਪਰਤ ਚੁੱਕੇ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਸ਼ਿਵਦੁਲਾਰ ਸਿੰਘ ਢਿੱਲੋਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲੇ ਵਿਚ ਹੁਣ ਤੱਕ ਕੁੱਲ 420 ਕੇਸਾਂ ਵਿਚੋਂ ਐਕਟਿਵ ਕੇਸਾਂ ਦੀ ਕੁੱਲ ਗਿਣਤੀ 87 ਰਹਿ ਗਈ ਹੈ। ਉਨਾਂ ਦੱਸਿਆ ਕਿ ਪੰਜਾਬ ਸਰਕਾਰ ਦੇ 'ਮਿਸ਼ਨ ਫ਼ਤਿਹ' ਤਹਿਤ ਕੋਰੋਨਾ ਖਿਲਾਫ਼ ਜਿਲੇ ਵਿੱਚ ਜੰਗ ਜਾਰੀ ਹੈ ਅਤੇ ਜਿਨਾਂ ਦੇ ਕੋਰੋਨਾ ਟੈਸਟ ਪਾਜੀਟਿਵ ਆਏ ਹਨ ਉਹ ਮਜ਼ਬੂਤ ਇੱਛਾਸ਼ਕਤੀ ਨਾਲ ਜਿੱਤ ਦਰਜ਼ ਕਰ ਰਹੇ ਹਨ। ਸ: ਢਿਲੋਂ ਨੇ ਠੀਕ ਹੋ ਕੇ ਘਰ ਪਰਤਣ ਵਾਲਿਆਂ ਨੂੰ ਸ਼ੁਭ ਕਾਮਨਾਵਾਂ ਦਿੱਤੀਆਂ ਅਤੇ ਦੁਆ ਕੀਤੀ ਕਿ ਲੋਕ ਠੀਕ ਹੋ ਕੇ ਜਲਦ ਆਪਣੇ ਘਰਾਂ ਨੂੰ ਪਰਤਣਗੇ। ਉਨਾਂ ਦੱਸਿਆ ਕਿ ਹੁਣ ਤੱਕ ਜ਼ਿਲੇ ਵਿਚ ਕੋਰੋਨਾ ਨਾਲ 7 ਮਰੀਜ ਆਪਣੀ ਜਾਨ ਗੁਆ ਚੁੱਕੇ ਹਨ। ਉਨਾਂ ਕਿਹਾ ਕਿ ਮਿਸ਼ਨ ਫ਼ਤਿਹ ਤਹਿਤ ਡਾਕਟਰੀ ਅਮਲਾ ਕੋਰੋਨਾ ਨਾਲ ਲੜ • ਰਹੇ ਲੋਕਾਂ ਦੀ ਦੇਖ ਰੇਖ ਕਰ ਰਿਹਾ ਹੈ। ਜਦਕਿ ਇਕਾਂਤਵਾਸ ਵਿਚ ਰਹਿ ਰਹੇ ਲੋਕਾਂ ਸਬੰਧੀ ਵੀ ਪੂਰੀ ਜਾਣਕਾਰੀ ਰੱਖੀ ਜਾ ਰਹੀ ਹੈ।

ਡਾ. ਜੁਗਲ ਕਿਸ਼ੋਰ, ਸਿਵਲ ਸਰਜਨ ਨੇ ਦੱਸਿਆ ਕਿ ਕੋਰੋਨਾ ਨਾਲ ਨਿਪੱਟਣ ਲਈ ਪੂਰੇ ਇੰਤਜਾਮ ਕੀਤੇ ਹੋਏ ਹਨ ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀ ਹੈ। ਉਨਾਂ ਕਿਹਾ ਕਿ ਅਸੀਂ ਸਰਕਾਰੀ ਨਿਯਮਾਂ ਦੀ ਪਾਲਣਾ ਕਰਦੇ ਹੋਏ ਕੋਰੋਨਾ ਨੂੰ ਹਰਾ ਸਕਦੇ ਹਾਂ ਅਤੇ ਇਸ ਉਪਰ ਫਤਿਹ ਪਾ ਸਕਦੇ ਹਾਂ। ਉਨਾਂ ਦੱਸਿਆ ਕਿ ਅੱਜ ਹਸਪਤਾਲ ਤੋਂ ਡਿਸਚਾਰਜ ਹੋਣ ਵਾਲੇ ਮਰੀਜਾਂ ਦੇ ਨਾਮ ਸ੍ਰੀ ਸ਼ਤੀਸ਼ ਚੰਦਰ , ਸ੍ਰੀ ਸ਼ਰਦ ਮੋਂਗਾ, ਵੀਨਾ, ਸ੍ਰੀ ਗੁਰਬਖ਼ਸ ਰਾਏ, ਸ੍ਰੀ ਰੋਹਿਤ ਅਰੋੜਾ, ਸ੍ਰੀ ਦਕਸ਼ ਅਰੋੜਾ, ਸ੍ਰੀਮਤੀ ਕੇਵਲ ਰਾਣੀ, ਸ੍ਰੀ ਅਸ਼ੋਕ ਅਰੋੜਾ ਅਤੇ ਸ੍ਰੀਮਤੀ ਸ਼ੀਲਾ ਹਨ।

=========

**File No.DIPR-PRSS0PRS1(356)/1694/2020-DPRO Amritsar**

**I/31182/2020**

ਦਫ਼ਤਰ ਜ਼ਿਲਾ ਲੋਕ ਸੰਪਰਕ ਅਫ਼ਸਰ, ਅੰਮ੍ਰਿਤਸਰ

ਘਰਾਂ ਨੂੰ ਪਰਤਣ ਦੇ ਚਾਹਵਾਨ ਪ੍ਰਵਾਸੀ ਮਜ਼ਦੂਰ ਕੰਟਰੋਲ ਰੂਮ ਉਤੇ ਫੋਨ ਕਰਕੇ ਆਪਣਾ ਨਾਮ ਲਿਖਾਉਣ

7 ਜੂਨ ਤੱਕ ਹੀ ਲਏ ਜਾਣਗੇ ਨਾਮ-ਡਿਪਟੀ ਕਮਿਸ਼ਨਰ

ਅੰਮ੍ਰਿਤਸਰ, 4 ਜੂਨ ( )-ਪੰਜਾਬ ਸਰਕਾਰ ਵੱਲੋਂ ਰਾਜ ਵਿਚ ਕੰਮ ਕਰਦੇ ਪ੍ਰਵਾਸੀ ਮਜਦੂਰ , ਜੋ ਕਿ ਕੋਵਿਡ ਸੰਕਟ ਦੇ ਚੱਲਦੇ ਆਪਣੇ ਗ੍ਰਹਿ ਰਾਜ ਭਾਵ ਘਰਾਂ ਨੂੰ ਪਰਤਣਾ ਚਾਹੁੰਦੇ ਹਨ , ਵਾਸਤੇ ਹਰੇਕ ਤਰਾਂ ਦਾ ਪ੍ਰਬੰਧ ਕਰ ਰਹੀ ਹੈ। ਇਸ ਲਈ ਸਰਕਾਰ ਵੱਲੋਂ ਵਿਸ਼ੇਸ਼ ਰੇਲ ਗੱਡੀਆਂ ਦੀ ਸਹੂਲਤ ਦੇਣ ਦੇ ਨਾਲ-ਨਾਲ ਗੁਆਂਢੀ ਰਾਜਾਂ ਲਈ ਬੱਸਾਂ ਵੀ ਭੇਜੀਆਂ ਗਈਆਂ ਸਨ, ਪਰ ਅਜੇ ਵੀ ਕਈ ਚਾਹਵਾਨ ਪ੍ਰਵਾਸੀਆਂ ਦੀ ਜਾਣਕਾਰੀ ਜਿਲੇ ਵਿਚ ਮਿਲ ਰਹੀ ਹੈ। ਉਕਤ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸ. ਸ਼ਿਵਦੁਲਾਰ ਸਿੰਘ ਢਿਲੋਂ ਨੇ ਕਿਹਾ ਕਿ ਜੇਕਰ ਅੰਮ੍ਰਿਤਸਰ ਜਿਲੇ ਵਿਚ ਰਹਿ ਰਿਹਾ ਕੋਈ ਪ੍ਰਵਾਸੀ ਮਜ਼ਦੂਰ ਆਪਣੇ ਘਰ ਨੂੰ ਜਾਣਾ ਚਾਹੁੰਦਾ ਹੈ ਤਾਂ ਉਹ 7 ਜੂਨ ਤੱਕ ਆਪਣਾ ਨਾਮ ਕੋਵਿਡ ਕੰਟਰੋਲ ਰੂਮ , ਜਿਸਦਾ ਫੋਨ 0183- 2500598 ਅਤੇ 2500698 ਉਤੇ ਦੇਵੇ, ਤਾਂ ਜੋ ਉਸਦੀ ਲੋੜ ਅਨੁਸਾਰ ਪ੍ਰਬੰਧ ਕੀਤਾ ਜਾ ਸਕੇ। ਉਨਾਂ ਕਿਹਾ ਕਿ ਉਕਤ ਫੋਨ ਨੰਬਰਾਂ ਉਤੇ ਪ੍ਰਾਪਤ ਹੋਏ ਡੈਟੇ ਦੇ ਅਧਾਰ ਉਤੇ ਹੀ ਜਾਣ ਲਈ ਰੇਲ ਜਾਂ ਬੱਸਾਂ ਆਦਿ ਦਾ ਪ੍ਰਬੰਧ ਕੀਤਾ ਜਾਣਾ ਹੈ, ਸੋ ਜੋ ਵੀ ਵਿਅਕਤੀ ਜਾਣ ਦਾ ਚਾਹਵਾਨ ਹੈ , ਉਹ ਉਕਤ ਫੋਨ ਨੰਬਰਾਂ ਉਤੇ ਜ਼ਰੂਰੀ ਜਾਣਕਾਰੀ , ਜਿਸ ਵਿਚ ਆਪਣਾ ਨਾਮ, ਫੋਨ ਨੰਬਰ, ਕਿੱਥੇ ਜਾਣਾ ਹੈ, ਕਿੰਨੇ ਮੈਂਬਰ ਜਾਣਾ ਚਾਹੁੰਦੇ ਹਨ ਆਦਿ ਨੋਟ ਕਰਵਾ ਦੇਵੇ। ਉਨਾਂ ਕਿਹਾ ਕਿ ਇੰਨਾਂ ਲੋਕਾਂ ਨੂੰ ਕਿਸੇ ਦਫਤਰ ਜਾਣ ਦੀ ਲੋੜ ਨਹੀਂ , ਇਹ ਕੇਵਲ ਫੋਨ ਕਰਨ ਬਾਕੀ ਪ੍ਰਬੰਧ ਅਸੀਂ ਆਪ ਕਰਕੇ ਇੰਨਾਂ ਨੂੰ ਫੋਨ ਕਰਕੇ ਜਾਣ ਲਈ ਸੱਦਿਆ ਜਾਵੇਗਾ। ਉਨਾਂ ਕਿਹਾ ਕਿ ਕੋਵਿਡ ਦੇ ਚੱਲਦੇ ਕਿਸੇ ਦਫਤਰ ਜਾਂ ਜਨਤਕ ਸਥਾਨ ਉਤੇ ਇਕੱਠੇ ਹੋਣਾ ਵਾਇਰਸ ਨੂੰ ਸੱਦਾ ਦੇਣ ਦੇ ਬਰਾਬਰ ਹੈ, ਸੋ ਪ੍ਰਵਾਸੀਆਂ ਨੂੰ ਅਪੀਲ ਹੈ ਕਿ ਉਹ ਆਪਣੀ ਸਿਹਤ ਦਾ ਧਿਆਨ ਰੱਖਦੇ ਹੋਏ ਜਨਤਕ ਸਥਾਨਾਂ ਉਤੇ ਇਕੱਠੇ ਨਾ ਹੋਣ ਕੇਵਲ ਫੋਨ ਕਰਕੇ ਹੀ ਆਪਣਾ ਨਾਮ ਤੇ ਜਾਣਕਾਰੀ ਦੇਣ।

===========